Moms in Prayer
INTERNATIONAL
ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ

# ਇਮਾਨ ਦਾ ਅਕੀਦਾ

1. **ਅਸੀਂ ਵਿਸ਼ਵਾਸ ਕਰਦੇ ਹਾਂ ਕਿ ਬਾਈਬਲ ਪਵਿੱਤਰ ਆਤਮਾ ਦੀ ਪ੍ਰੇਰਣਾ ਤੋਂ ਲਿਖੀ ਗਈ ਹੈ, ਵਿਸ਼ਵਾਸ ਅਤੇ ਆਚਰਣ ਦੇ ਸਾਰੇ ਵਿਸ਼ਿਆਂ ਵਿੱਚ ਅਚੂਕ ਅਤੇ ਪਰਮੇਸ਼ੁਰ ਦਾ ਅਧਿਕਾਰਕ ਵਚਨ ਹੈ।**

   ਬਿਵਸਥਾ ਸਾਰ 4:2; ਜ਼ਬੂਰ 19:7-9; ਕਹਾਉਤਾਂ 30:5-6; 1 ਕੁਰਿੰਥੀਆਂ 2:13; ਗਲਾਤੀਆਂ 1:8-9; 2 ਤਿਮੋਥੀਉਸ 3:15-17; ਪਤਰਸ 1:20-21; ਪਰਕਾਸ਼ ਦੀ ਪੋਥੀ 22:18-19

2. **ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਇੱਕ, ਸਦੀਪਕ ਕਾਲ ਤੋਂ ਤਿੰਨ ਸ਼ਖ਼ਸੀਅਤਾਂ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੀ ਵਜੋਂ ਹੋਂਦ ਵਿੱਚ ਹੈ।**

   ਉਤਪਤ 1:1-3; ਯਸਾਯਾਹ 44:6-8; ਮੱਤੀ 28:19-20; ਮਰਕੁਸ 12:29; ਯੂਹੰਨਾ 1:1-4; ਰਸੂਲ 5:3-4; 2 ਕੁਰਿੰਥੀਆਂ 13:14

3. **ਅਸੀਂ ਪਰਮੇਸ਼ੁਰ ਪਿਤਾ, ਇੱਕ ਬੇ ਅੰਤ, ਵਿਅਕਤੀਗਤ ਆਤਮਾ, ਪਵਿੱਤਰਤਾਈ ਵਿੱਚ ਸੰਪੂਰਣ, ਬੁੱਧ, ਸਮਰੱਥਾ ਅਤੇ ਪ੍ਰੇਮ ਵਿੱਚ ਵਿਸ਼ਵਾਸ ਕਰਦੇ ਹਾਂ। ਅਸੀਂ ਵਿਸ਼ਵਾਸ ਕਰਦੇ ਹੈ ਕਿ ਉਹ ਆਪਣੀ ਕਿਰਪਾ ਦੇ ਕਾਰਨ ਹਰੇਕ ਮਨੁੱਖ ਦੇ ਵਿਸ਼ਿਆਂ ਦੀ ਚਿੰਤਾ ਕਰਦਾ ਹੈ, ਕਿ ਉਹ ਪ੍ਰਾਰਥਨਾ ਸੁਣਦਾ ਹੈ ਅਤੇ ਉੱਤਰ ਦਿੰਦਾ ਹੈ, ਅਤੇ ਇਹ ਕਿ ਉਹ ਉਨ੍ਹਾਂ ਸਭਨਾਂ ਨੂੰ ਪਾਪ ਅਤੇ ਮੌਤ ਤੋਂ ਬਚਾਉਂਦਾ ਹੈ ਜਿਹੜੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਉਸ ਦੇ ਕੋਲ ਆਉਂਦੇ ਹਨ।**

   ਉਤਪਤ 21:33; ਕੂਚ 33:14; 2 ਸਮੂਏਲ 24:14; ਯਸਾਯਾਹ 40:28; ਯਿਰਮਿਯਾਹ 31:3, 32:17; ਯੂਹੰਨਾ 4:24; ਰੋਮੀਆਂ 5:8, 11:33-34; ਅਫ਼ਸੀਆਂ 1:19-20; 1 ਯੂਹੰਨਾ 5:14-15; ਪਰਕਾਸ਼ ਦੀ ਪੋਥੀ 4:8

4. **ਅਸੀਂ ਪਰਮੇਸ਼ੁਰ ਪੁੱਤਰ, ਮੁਕਤੀਦਾਤਾ ਯਿਸੂ ਮਸੀਹ, ਜੋ ਪਰਮੇਸ਼ੁਰ ਦਾ ਇਕਲੌਤਾ ਪੁੱਤਰ, ਉਸ ਦੀ ਈਸ਼ੁਰਤਾਈ ਵਿੱਚ, ਕੁਆਰੀ ਤੋਂ ਉਸ ਦਾ ਜਨਮ ਵਿੱਚ, ਉਸ ਦੇ ਪਾਪ ਰਹਿਤ ਜੀਵਨ ਵਿੱਚ, ਉਸ ਦੀਆਂ ਕਰਾਮਾਤਾਂ ਵਿੱਚ, ਉਸ ਦੀ ਪ੍ਰਤੀਨਿਧਤਾ ਅਤੇ ਆਪਣਾ ਖ਼ੂਨ ਬਹਾਉਣ ਰਾਹੀਂ ਮੌਤ ਤੋਂ ਛੁਟਕਾਰੇ ਵਿੱਚ, ਉਸ ਦੇ ਸਰੀਰਕ ਪੁਨਰਉੱਥਾਨ ਵਿੱਚ, ਉਸ ਦਾ ਉੱਪਰ ਜਾ ਕੇ ਪਿਤਾ ਦੇ ਸੱਜੇ ਹੱਥ ਉੱਤੇ ਬੈਠਣ ਵਿੱਚ, ਉਸ ਦੀ ਆਪਣੇ ਲੋਕਾਂ ਪ੍ਰਤੀ ਲਗਾਤਾਰ ਮਧਿਅਸਥੀ ਕਰਨ ਵਿੱਚ, ਸਮਰੱਥਾ ਅਤੇ ਮਹਿਮਾ ਵਿੱਚ ਉਸ ਦਾ ਵਿਅਕਤੀਗਤ ਰੂਪ ਵਿੱਚ ਵਾਪਸ ਆਉਣ ਤੇ ਵਿਸ਼ਵਾਸ ਕਰਦੇ ਹਾਂ।**

   ਮੱਤੀ 24: 30; ਮਰਕੁਸ 8:38; ਲੂਕਾ 1:34-35, 24:27; ਯੂਹੰਨਾ 1:1-2,14,18, 3:16; ਰੋਮੀਆਂ 3:23-26, 8:34; 1 ਕੁਰਿੰਥੀਆਂ 15:3-4; ਇਬਰਾਨੀਆਂ 4:15

5. **ਅਸੀਂ ਪਰਮੇਸ਼ੁਰ ਪਵਿੱਤਰ ਆਤਮਾ, ਸਹਾਇਕ ਅਤੇ ਦਿਲਾਸਾ ਦੇਣ ਵਾਲਾ, ਉਸ ਦੀ ਰੋਜ਼ਾਨਾ ਦੀ ਅਗੁਵਾਈ ਅਤੇ ਸਚਿਆਈ ਦੇ ਪਰਕਾਸ਼ ਵਿੱਚ, ਪਾਪ, ਧਾਰਮਿਕਤਾ ਅਤੇ ਨਿਆਂ, ਅਤੇ ਮੁਕਤੀ ਦੇ ਵੇਲੇ ਉਸ ਦੇ ਮੌਜੂਦਾ ਨਿਵਾਸ ਵਿੱਚ, ਵਿਸ਼ਵਾਸੀਆਂ ਨੂੰ ਭਗਤੀ ਪੂਰਣ ਜੀਵਨ ਬਤੀਤ ਕਰਨ ਵਿੱਚ ਵਿਸ਼ਵਾਸ ਕਰਦੇ ਹਾਂ।**

   ਯੂਹੰਨਾ 3:5-8; 14:16-17, 16:13-14; ਰਸੂਲ 1:8; 1 ਕੁਰਿੰਥੀਆਂ 12:13; ਅਫ਼ਸੀਆਂ 4:30-32, 5:18

6. **ਹਰ ਕੋਈ ਪਾਪ ਦੇ ਸੁਭਾਅ ਵਿੱਚ ਪੈਦਾ ਹੋਇਆ, ਪਰਮੇਸ਼ੁਰ ਤੋਂ ਅਲੱਗ ਹੋਇਆਂ ਅਤੇ ਮੁਕਤੀ ਦੀ ਲੋੜ੍ਹ ਵਿੱਚ ਵਿਸ਼ਵਾਸ ਕਰਦੇ ਹਾਂ। ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਅਤੇ ਪ੍ਰਭੂ ਸਵੀਕਾਰ ਕਰਕੇ ਪਵਿੱਤਰ ਆਤਮਾ ਦੁਆਰਾ ਨਵੇਂ ਬਣਾਏ ਜਾਣਾ ਜ਼ਰੂਰੀ ਹੈ।**

   ਯੂਹੰਨਾ 3:5-8, 5:24; ਰਸੂਲ 2:21; ਅਫ਼ਸੀਆਂ 1:6-7, 2:8-9; ਤੀਤੁਸ 3:5; 1 ਪਤਰਸ 1:23

7. **ਅਸੀਂ ਬਚਾਏ ਗਏ ਅਤੇ ਨਾਸ਼ ਹੋਏ ਦੋਵਾਂ ਦੇ ਪੁਨਰਉੱਥਾਨ ਵਿੱਚ, ਬਚਾਏ ਹੋਇਆਂ ਦਾ ਸਦੀਪਕ ਜੀਵਨ ਪਾਉਣ ਲਈ ਅਤੇ ਨਾਸ਼ ਹੋਇਆਂ ਦੇ ਸਦੀਪਕ ਵਿਨਾਸ਼ ਵਿੱਚ ਵਿਸ਼ਵਾਸ ਕਰਦੇ ਹਾਂ।**

   ਲੂਕਾ 16:19-26; 2 ਕੁਰਿੰਥੀਆਂ 5:8; ਫ਼ਿਲਿੱਪੀਆਂ 1:23; 2 ਥੱਸਲੁਨੀਕੀਆਂ 1:7-9; ਪਰਕਾਸ਼ ਦੀ ਪੋਥੀ 20:11-15

8. **ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸੀਆਂ ਦੀ ਆਤਮਿਕ ਏਕਤਾ ਤੇ ਵਿਸ਼ਵਾਸ ਕਰਦੇ ਹਾਂ।**

   ਰਸੂਲ 2:42-47; ਰੋਮੀਆਂ 15:5-6; 1 ਕੁਰਿੰਥੀਆਂ 12:12-13; ਅਫ਼ਸੀਆਂ 4:3-6

© 2022 Moms in Prayer International